Surrey Schools
LEADERSHIP IN LEARNING

Tel: 604.596.7733
www.surreyschools.ca

# ਧਮਕੀ ਦੇ ਮੁੱਲਾਂਕਣ ਦੇ ਨਿਯਮ

(Threat Assessment Protocol)

ਸਰੀ ਸਕੂਲ ਬੋਰਡ ਦੀ ਸੁਰੱਖਿਅਤ ਅਤੇ ਖਿਆਲ ਰੱਖਣ ਵਾਲੇ ਸਕੂਲਾਂ (ਸੇਫ ਐਂਡ ਕੇਅਰਿੰਗ ਸਕੂਲਜ਼) ਨਾਲ ਸੰਬੰਧਤ ਇਕ ਵਿਸਤ੍ਰਿਤ ਪਾਲਸੀ ਹੈ ਜਿਹੜੀ ਸਾਰੇ ਸਿੱਖਣ ਵਾਲਿਆਂ ਲਈ ਸੁਰੱਖਿਅਤ ਅਤੇ ਖਿਆਲ ਰੱਖਣ ਵਾਲਾ ਵਾਤਾਰਵਰਨ ਪ੍ਰਦਾਨ ਕਰਨ ਦੀ ਜ਼ਿਲ੍ਹੇ ਦੀ ਵਚਨਬੱਧਤਾ ਦਾ ਸਮਰਥਨ ਕਰਦੀ ਹੈ।

ਜ਼ਿਲ੍ਹੇ ਦੇ ਧਮਕੀ ਦੇ ਮੁੱਲਾਂਕਣ ਦੇ ਨਿਯਮ ਇਸ ਪਾਲਸੀ ਦਾ ਮਹੱਤਵਪੂਰਨ ਹਿੱਸਾ ਹਨ, ਜਿਹੜੇ ਵਿਦਿਆਰਥੀ ਦੇ ਧਮਕੀ ਦੇਣ ਵਾਲੇ ਵਤੀਰੇ ਦੇ ਮਸਲੇ ਨਾਲ ਨਜਿੱਠਦੇ ਹਨ। ਜੇ ਕਿਸੇ ਵਿਦਿਆਰਥੀ ਕੋਲ ਹਥਿਆਰ ਹੋਵੇ ਜਾਂ ਵਿਦਿਆਰਥੀ ਆਪਣੇ ਆਪ ਨੂੰ ਜਾਂ ਕਿਸੇ ਹੋਰ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦੇਵੇ – ਕਿਸੇ ਟਿੱਪਣੀ ਰਾਹੀਂ, ਕਿਸੇ ਇਸ਼ਾਰੇ ਰਾਹੀਂ ਜਾਂ ਕਿਸੇ ਲਿਖਤੀ ਕਥਨ ਰਾਹੀਂ – ਜ਼ਿਲ੍ਹਾ ਇਨ੍ਹਾਂ ਨਿਯਮਾਂ ਦੇ ਅਨੁਸਾਰ ਕਾਰਵਾਈ ਕਰੇਗਾ।

ਜ਼ਿਲ੍ਹੇ ਦੇ ਧਮਕੀ ਦੇ ਮੁੱਲਾਂਕਣ ਦੇ ਨਿਯਮ ਮੰਗ ਕਰਦੇ ਹਨ ਕਿ ਜ਼ਿਲ੍ਹੇ ਦੇ ਸਟਾਫ ਨੇ ਇਹ ਜਾਣਨ ਲਈ ਕਿ ਧਮਕੀ ਦੇਣ ਵਾਲੇ ਵਿਦਿਆਰਥੀ ਤੋਂ ਕਿਸ ਤਰ੍ਹਾਂ ਦਾ ਖਤਰਾ ਹੋ ਸਕਦਾ ਹੈ ਉਸ ਦੇ ਧਮਕੀ ਦੇਣ ਵਾਲੇ ਵਤੀਰੇ ਦੀ ਜਾਂਚ ਕਰਨ ਵਿੱਚ ਸਿਖਲਾਈ ਲਈ ਹੋਈ ਹੋਵੇ; ਭਾਵੇਂ ਕਿ ਸੰਭਾਵੀ ਖਤਰਾ ਦੂਸਰਿਆਂ ਨੂੰ ਹੋਵੇ ਜਾਂ ਵਿਦਿਆਰਥੀ ਨੂੰ ਖੁਦ ਨੂੰ।

ਸਕੂਲਾਂ ਦੇ ਪ੍ਰਿੰਸੀਪਲਾਂ, ਵਾਈਸ-ਪ੍ਰਿੰਸੀਪਲਾਂ, ਕਾਊਂਸਲਰਾਂ ਅਤੇ ਦੂਜਿਆਂ ਨੂੰ ਵਿਦਿਆਰਥੀਆਂ ਦੇ ਧਮਕੀ ਦੇਣ ਵਾਲੇ ਵਤੀਰੇ ਦਾ ਮੁੱਲਾਂਕਣ ਕਰਨ ਵਿੱਚ ਸਿਖਲਾਈ ਦਿੱਤੀ ਗਈ ਹੁੰਦੀ ਹੈ। ਜੇ ਹਾਲਾਤ ਮੰਗ ਕਰਦੇ ਹੋਣ ਤਾਂ ਪ੍ਰਿੰਸੀਪਲ ਜਾਂ ਕੋਈ ਹੋਰ ਨਾਮਜ਼ਦ ਕੀਤਾ ਅਧਿਕਾਰੀ ਸਟੂਡੈਂਟ ਸੁਪੋਰਟ ਸਰਵਿਸਜ਼ (ਵਿਦਿਆਰਥੀਆਂ ਦੇ ਸਮਰਥਨ ਦੀਆਂ ਸੇਵਾਵਾਂ) ਦੇ ਸਟਾਫ, ਸੇਫ ਸਕੂਲਜ਼ (ਸੁਰੱਖਿਅਤ ਸਕੂਲਾਂ) ਦੇ ਸਟਾਫ, ਸਕੂਲ ਦੇ ਆਰ ਸੀ ਐੱਮ ਪੀ ਲਿਏਜ਼ਾਨ ਅਫਸਰ, ਅਤੇ/ਜਾਂ ਹੋਰ ਸੰਬੰਧਤ ਏਜੰਸੀਆਂ ਦੇ ਲੋਕਾਂ ਨੂੰ ਜਾਂਚ ਵਿੱਚ ਸ਼ਾਮਲ ਕਰੇਗਾ।

ਜੇ ਬੱਚਾ ਕਿਸੇ ਤਰ੍ਹਾਂ ਦੇ ਧਮਕੀ ਦੇਣ ਵਾਲੇ ਵਤੀਰੇ ਵਿੱਚ ਸ਼ਾਮਲ ਹੋਵੇ ਤਾਂ ਮਾਪੇ, ਗਾਰਡੀਅਨ ਜਾਂ ਸੰਭਾਲ ਕਰਨ ਵਾਲੇ ਆਸ ਰੱਖ ਸਕਦੇ ਹਨ ਕਿ ਉਨ੍ਹਾਂ ਦੇ ਬੱਚੇ ਨੂੰ ਉੱਪਰ ਦਰਜ ਕੀਤੇ ਗਏ ਵਿਅਕਤੀਆਂ ਵਿੱਚੋਂ ਇਕ ਜਾਂ ਜ਼ਿਆਦੇ ਵਿਅਕਤੀਆਂ ਵੱਲੋਂ ਇੰਟਰਵਿਊ ਕੀਤਾ ਜਾਵੇਗਾ। ਇਸ ਦੇ ਨਾਲ ਹੀ, ਧਮਕੀ ਦੇ ਮੁੱਲਾਂਕਣ ਨੂੰ ਮੁਕੰਮਲ ਕਰਨ ਲਈ ਮਾਪਿਆਂ, ਗਾਰਡੀਅਨਾਂ ਜਾਂ ਸੰਭਾਲ ਕਰਨ ਵਾਲਿਆਂ ਨੂੰ ਇੰਟਰਵਿਊ ਕਰਨ ਦੀ ਜ਼ਰੂਰਤ ਵੀ ਪੈ ਸਕਦੀ ਹੈ।

ਧਮਕੀ ਦਾ ਮੁੱਲਾਂਕਣ ਕਰਨ ਦਾ ਅਮਲ ਜ਼ਿਲ੍ਹੇ ਦੇ ਸਟਾਫ ਦੀ ਵਿਦਿਆਰਥੀ ਦੀ ਮਦਦ ਕਰਨ ਲਈ ਅਤੇ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਲਈ ਦਖਲਅੰਦਾਜ਼ੀ ਦੀਆਂ ਢੁੱਕਵੀਆਂ ਜੁਗਤਾਂ ਬਾਰੇ ਫੈਸਲਾ ਕਰਨ ਵਿੱਚ ਮਦਦ ਕਰਦਾ ਹੈ।

ਸੁਰੱਖਿਅਤ ਅਤੇ ਖਿਆਲ ਰੱਖਣ ਵਾਲੇ ਸਕੂਲਾਂ ਦੀ ਪਾਲਸੀ ਅਤੇ ਜ਼ਿਲ੍ਹੇ ਦੇ ਧਮਕੀ ਦੇ ਮੁੱਲਾਂਕਣ ਬਾਰੇ ਨਿਯਮ ਸਾਡੇ ਸਕੂਲ ਭਾਈਚਾਰਿਆਂ ਵਿੱਚ ਸਿੱਖਣ ਲਈ ਸੁਰੱਖਿਅਤ ਅਤੇ ਖਿਆਲ ਰੱਖਣ ਵਾਲੇ ਵਾਤਾਵਰਨ ਨੂੰ ਉਤਸ਼ਾਹਿਤ ਕਰਨ ਲਈ ਹਰ ਇਕ ਦੀ ਮਦਦ ਕਰਦੇ ਹਨ।

ਸਰੀ ਸਕੂਲ ਜ਼ਿਲ੍ਹਾ ਸਾਰੇ ਬੱਚਿਆਂ ਲਈ ਸੁਰੱਖਿਅਤ ਅਤੇ ਖਿਆਲ ਰੱਖਣ ਵਾਲੇ ਸਕੂਲ ਬਣਾਉਣ ਲਈ ਕੰਮ ਕਰਦੇ ਵਕਤ ਮਾਪਿਆਂ, ਗਾਰਡੀਅਨਾਂ ਅਤੇ ਸੰਭਾਲ ਕਰਨ ਵਾਲਿਆਂ ਵੱਲੋਂ ਮਿਲੇ ਸਮਰਥਨ ਦੀ ਕਦਰ ਕਰਦਾ ਹੈ।